# ਹਰ ਕਿਸੇ ਲਈ ਵਿੱਤੀ ਮਦਦ

ਜੇਕਰ ਤੁਸੀਂ ਵਿੱਤੀ ਨੁਕਸਾਨ ਜਾਂ ਤਣਾਅ ਦਾ ਸਾਹਮਣਾ ਕਰ ਰਹੇ ਹੋ ਕਿਉਂਕਿ ਜਿਸ ਵਿਅਕਤੀ ਦੀ ਤੁਸੀਂ ਪਰਵਾਹ ਕਰਦੇ ਹੋ ਉਸ ਨੂੰ ਜੂਏ ਦੀ ਸਮੱਸਿਆ ਹੈ, ਤਾਂ ਅਸੀਂ ਮਦਦ ਕਰ ਸਕਦੇ ਹਾਂ।

ਅਸੀਂ ਪਰਿਵਾਰ ਦੇ ਜੀਆਂ ਅਤੇ ਜੂਏ ਤੋਂ ਪ੍ਰਭਾਵਿਤ ਹੋਰ ਲੋਕਾਂ ਨੂੰ ਵਿੱਤੀ ਸਲਾਹ ਸਮੇਤ ਕਈ ਕਿਸਮ ਦੀ ਸਹਾਇਤਾ ਦੀ ਪੇਸ਼ਕਸ਼ ਕਰਦੇ ਹਾਂ।

ਅਸੀਂ ਵਿੱਤੀ ਮਾਮਲਿਆਂ ਬਾਰੇ ਜਾਣਕਾਰੀ ਜਾਂ ਸਲਾਹ ਦੇ ਸਕਦੇ ਹਾਂ, ਅਤੇ ਤੁਹਾਨੂੰ ਲੋੜੀਂਦੀ ਸਹਾਇਤਾ ਦੇ ਸਕਦੇ ਹਾਂ।

# ਕੀ ਤੁਸੀਂ ਆਪਣੇ ਕਿਸੇ ਨਜ਼ਦੀਕੀ ਦੇ ਬਾਰੇ ਵਿੱਚ ਚਿੰਤਤ ਹੋ?

ਧਿਆਨ ਦੇਣ ਲਈ ਚਿੰਨ੍ਹ:

- ਬੇਵਜਾਹ ਕਰਜ਼ਾ ਜਾਂ ਉਧਾਰ ਲੈਣਾ
- ਪੈਸਿਆਂ ਜਾਂ ਸੰਪਤੀਆਂ ਦਾ ਗਾਇਬ ਹੋਣਾ
- ਬਹੁਤ ਸਾਰੇ ਕਰਜ਼ੇ
- ਅਦਾਇਗੀ ਨਾ ਕੀਤੇ ਬਿੱਲ ਜਾਂ ਕੁਨੈਕਸ਼ਨ ਕੱਟਣ ਦੇ ਨੋਟਿਸ
- ਘਰ ਵਿੱਚ ਭੋਜਨ ਦੀ ਘਾਟ
- ਬਟੂਏ ਜਾਂ ਪੈਸੇ ਦਾ ਨਿਯਮਿਤ ਤੌਰ 'ਤੇ ਗੁਆਚਣਾ
- ਵਿੱਤੀ ਬਿਓਰਿਆਂ ਦਾ ਗੁੰਮ ਹੋਣਾ
- ਲੁਕਵੇਂ ਬੈਂਕ ਖਾਤੇ, ਕਰਜ਼ੇ ਜਾਂ ਕ੍ਰੈਡਿਟ ਕਾਰਡ।

**Gambler's Help (ਗੈਂਬਲਰਜ਼ ਹੈਲਪ) 'ਤੇ 1800 858 858 'ਤੇ ਫ਼ੋਨ ਕਰੋ**
ਜਾਂ **gamblershelp.com.au** 'ਤੇ ਜਾਓ।

# ਕੀ ਜੂਆ ਤੁਹਾਡੇ ਲਈ ਸਮੱਸਿਆ ਬਣ ਰਿਹਾ ਹੈ?

- ਕੀ ਤੁਸੀਂ ਹਰ ਰੋਜ਼ ਜੂਏ ਬਾਰੇ ਸੋਚਦੇ ਹੋ?
- ਕੀ ਤੁਸੀਂ ਆਪਣੇ ਜੂਏ ਨੂੰ ਪਰਿਵਾਰ ਅਤੇ ਦੋਸਤਾਂ ਤੋਂ ਲੁਕਾਉਂਦੇ ਹੋ?
- ਕੀ ਤੁਸੀਂ ਕਦੇ ਜੂਆ ਖੇਡਣ ਲਈ ਪੈਸੇ ਉਧਾਰ ਲੈਂਦੇ ਹੋ?
- ਕੀ ਤੁਸੀਂ ਬਿੱਲਾਂ ਦਾ ਭੁਗਤਾਨ ਸਮੇਂ ਸਿਰ ਨਹੀਂ ਕਰਦੇ ਹੋ?
- ਕੀ ਤੁਹਾਡਾ ਜੂਆ ਜੀਵਨ-ਸਾਥੀ ਜਾਂ ਮਾਪਿਆਂ ਵਜੋਂ ਤੁਹਾਡੇ ਕੰਮ ਜਾਂ ਭੂਮਿਕਾ ਨੂੰ ਪ੍ਰਭਾਵਿਤ ਕਰ ਰਿਹਾ ਹੈ?
- ਕੀ ਤੁਸੀਂ ਸੋਚਦੇ ਹੋ ਕਿ ਤੁਸੀਂ ਪੋਕੀ ਮਸ਼ੀਨ 'ਤੇ ਜਿੱਤਣ ਲਈ ਹੁਨਰ ਦੀ ਵਰਤੋਂ ਕਰ ਸਕਦੇ ਹੋ?
- ਕੀ ਤੁਸੀਂ ਆਪਣੀਆਂ ਸਮੱਸਿਆਵਾਂ ਨੂੰ ਭੁੱਲਣ ਲਈ ਜੂਆ ਖੇਡਦੇ ਹੋ?

ਜੇਕਰ ਤੁਸੀਂ ਇਹਨਾਂ ਵਿੱਚੋਂ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਦਿੱਤਾ ਹੈ, ਤਾਂ ਹੋ ਸਕਦਾ ਹੈ ਕਿ ਤੁਸੀਂ ਜੂਏ ਦੀਆਂ ਸਮੱਸਿਆਵਾਂ ਦਾ ਅਨੁਭਵ ਕਰ ਰਹੇ ਹੋਵੋ।

Gambler's Help
1800 858 858
**gamblershelp.com.au**

ਅਸੀਂ ਅਰਬੀ, ਕੈਂਟੋਨੀਜ਼, ਮੈਂਡਰਿਨ ਅਤੇ ਵੀਅਤਨਾਮੀ ਵਿੱਚ ਮੁਫ਼ਤ ਅਤੇ ਗੁਪਤ ਸਹਾਇਤਾ ਪ੍ਰਦਾਨ ਕਰਦੇ ਹਾਂ। ਅਸੀਂ ਬੇਨਤੀ ਕਰਨ 'ਤੇ ਦੂਜੀਆਂ ਭਾਸ਼ਾਵਾਂ ਲਈ ਵੀ ਦੁਭਾਸ਼ੀਏ ਦਾ ਪ੍ਰਬੰਧ ਕਰ ਸਕਦੇ ਹਾਂ। ਹੋਰ ਜਾਣਕਾਰੀ ਲਈ **gamblershelp.com.au** 'ਤੇ ਜਾਓ।

ਜੇਕਰ ਤੁਸੀਂ ਬੋਲ਼ੇ ਹੋ, ਜਾਂ ਸੁਣਨ ਜਾਂ ਬੋਲਣ ਸੰਬੰਧੀ ਕਮਜ਼ੋਰੀ ਹੈ, ਤਾਂ ਨੈਸ਼ਨਲ ਰੀਲੇਅ ਸੇਵਾ ਰਾਹੀਂ ਸਾਡੇ ਨਾਲ ਸੰਪਰਕ ਕਰੋ। ਹੋਰ ਜਾਣਕਾਰੀ ਲਈ **relayservice.gov.au** ਵੇਖੋ।

Victorian Responsible Gambling Foundation

VICTORIA State Government

Gambler's Help

# ਵਿੱਤੀ ਸਲਾਹ-ਮਸ਼ਵਰਾ

Punjabi | ਪੰਜਾਬੀ

## ਵਿੱਤੀ ਸਲਾਹ-ਮਸ਼ਵਰਾ

ਜਦੋਂ ਕੋਈ ਵਿਅਕਤੀ ਜੂਏ ਨਾਲ ਸਮੱਸਿਆਵਾਂ ਦਾ ਅਨੁਭਵ ਕਰ ਰਿਹਾ ਹੁੰਦਾ ਹੈ, ਤਾਂ ਇਹ ਉਹਨਾਂ ਦੇ ਵਿੱਤ ਸਮੇਤ ਉਹਨਾਂ ਦੇ ਜੀਵਨ ਦੇ ਕਈ ਪਹਿਲੂਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ।

**Gambler's Help** ਜੂਏਬਾਜ਼ੀ ਤੋਂ ਪ੍ਰਭਾਵਿਤ ਲੋਕਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਦੋਸਤਾਂ ਲਈ ਕਈ ਕਿਸਮ ਦੀ ਸਹਾਇਤਾ ਪ੍ਰਦਾਨ ਕਰਦੀ ਹੈ।

ਸਾਡੇ ਸਿੱਖਿਅਤ ਅਤੇ ਅਨੁਭਵੀ ਵਿੱਤੀ ਸਲਾਹਕਾਰਾਂ ਨੇ ਤੁਹਾਡੇ ਵਰਗੇ ਬਹੁਤ ਸਾਰੇ ਲੋਕਾਂ ਦੀ ਮਦਦ ਕੀਤੀ ਹੈ।

ਅਸੀਂ ਸਮਝ ਸਕਦੇ ਹਾਂ ਕਿ ਤੁਸੀਂ ਕਿਸ ਔਖਿਆਈ ਵਿੱਚੋਂ ਲੰਘ ਰਹੇ ਹੋ ਅਤੇ ਮਦਦ ਕਰਨ ਲਈ ਤਿਆਰ ਹਾਂ।

ਵਿੱਤੀ ਸਲਾਹਕਾਰ ਜਾਣਕਾਰੀ, ਵਕਾਲਤ ਅਤੇ ਸਹਾਇਤਾ ਪ੍ਰਦਾਨ ਕਰਕੇ ਮਦਦ ਕਰ ਸਕਦੇ ਹਨ।

ਸਾਡੀਆਂ ਸੇਵਾਵਾਂ ਪੂਰੀ ਤਰ੍ਹਾਂ ਮੁਫ਼ਤ ਅਤੇ ਗੁਪਤ ਹਨ।

ਵਿੱਤੀ ਸਲਾਹ ਬਾਰੇ ਹੋਰ ਜਾਣਨ ਲਈ, Gambler's Help ਨਾਲ ਸੰਪਰਕ ਕਰੋ।

## ਵਿੱਤੀ ਸਹਾਇਤਾ

ਜੋ ਵਿਅਕਤੀ ਅਤੇ ਪਰਿਵਾਰ ਵਿੱਤੀ ਸੰਕਟ ਵਿੱਚ ਹਨ ਉਹ ਮੁੜ-ਬਹਾਲੀ ਸਹਾਇਤਾ (ਰਿਕਵਰੀ ਅਸਿਸਟੈਂਸ) ਪ੍ਰੋਗਰਾਮ ਦੇ ਅਧੀਨ ਜ਼ਰੂਰੀ ਜੀਵਨ ਲੋੜਾਂ ਲਈ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹਨ।

ਸਹਾਇਤਾ ਪ੍ਰਾਪਤ ਕਰਨ ਵਾਲੇ ਲਾਜ਼ਮੀ ਤੌਰ 'ਤੇ Gambler's Help ਦੇ ਰਜਿਸਟਰਡ ਗਾਹਕ ਹੋਣੇ ਚਾਹੀਦੇ ਹਨ ਅਤੇ ਆਪਣੀ ਯੋਗਤਾ ਨਿਰਧਾਰਤ ਕਰਨ ਲਈ ਮੁਲਾਂਕਣ ਕਰਵਾਉਣਾ ਚਾਹੀਦਾ ਹੈ।

**ਵਿੱਤੀ ਸਲਾਹਕਾਰ ਤੁਹਾਡੀ ਮਦਦ ਕਰ ਸਕਦੇ ਹਨ:**

- ਭੁਗਤਾਨ ਪ੍ਰਬੰਧਾਂ ਲਈ ਗੱਲਬਾਤ ਕਰਨ ਅਤੇ ਲੈਣਦਾਰਾਂ ਨਾਲ ਗੱਲਬਾਤ ਕਰਨ ਵਿੱਚ
- ਲੈਣਦਾਰਾਂ ਦੇ ਨਾਲ ਤੁਹਾਡੀ ਤਰਫ਼ੋਂ ਵਕਾਲਤ ਕਰਨ ਵਿੱਚ
- ਉਹਨਾਂ ਵਿਕਲਪਾਂ ਦਾ ਪ੍ਰਚਾਰ ਕਰਨ ਵਿੱਚ ਤਾਂ ਜੋ ਜੂਏ ਦੀ ਸਮੱਸਿਆ ਵਾਲੇ ਕਿਸੇ ਸਾਥੀ ਜਾਂ ਪਰਿਵਾਰ ਦੇ ਜੀਅ ਦੁਆਰਾ ਲਏ ਗਏ ਕਿਸੇ ਹੋਰ ਕਰਜ਼ੇ ਲਈ ਤੁਹਾਨੂੰ ਜ਼ਿੰਮੇਵਾਰ ਨਾ ਠਹਿਰਾਇਆ ਜਾ ਸਕੇ
- ਇਹ ਪਤਾ ਕਰਨ ਵਿੱਚ ਕਿ ਕੀ ਤੁਸੀਂ ਕਿਸੇ ਰਿਆਇਤਾਂ ਅਤੇ ਹੱਕਾਂ ਦੇ ਹੱਕਦਾਰ ਹੋ ਅਤੇ ਇਸ ਬਾਰੇ ਜਾਣਕਾਰੀ ਪ੍ਰਦਾਨ ਕਰਨ ਵਿੱਚ ਕਿ ਭੋਜਨ ਵਾਲੇ ਵਾਊਚਰ ਅਤੇ ਹੋਰ ਕਿਸਮਾਂ ਦੀ ਸਹਾਇਤਾ ਕਿੱਥੋਂ ਪ੍ਰਾਪਤ ਕਰਨੀ ਹੈ।
- ਕਾਨੂੰਨੀ ਸਹਾਇਤਾ ਦਾ ਹਵਾਲਾ ਦੇਣ ਵਿੱਚ
- ਜ਼ੋਖਮ ਘਟਾਉਣ ਵਿੱਚ, ਉਦਾਹਰਨ ਲਈ, ਤੁਹਾਡੀ ਇਹਨਾਂ ਵਿੱਚ ਸਹਾਇਤਾ ਕਰਨ ਲਈ:
  - ਵੱਖਰੇ ਬੈਂਕ ਖਾਤਿਆਂ ਦਾ ਪ੍ਰਬੰਧ ਕਰਨਾ
  - ਉਸ ਖਾਤੇ ਤੋਂ ਆਪਣੇ-ਆਪ ਬਿੱਲਾਂ ਦਾ ਭੁਗਤਾਨ ਕਰਨ ਦੇ ਤਰੀਕਿਆਂ ਦਾ ਪ੍ਰਬੰਧ ਕਰਨਾ ਜਿਸ ਤੱਕ ਸਿਰਫ਼ ਜੂਆ ਨਾ ਖੇਡਣ ਵਾਲੇ ਦੀ ਪਹੁੰਚ ਹੁੰਦੀ ਹੈ
- ਜੇ ਅਤੇ ਜਦੋਂ ਤੁਸੀਂ ਚਾਹੋ ਤਾਂ ਇਲਾਜ ਸੰਬੰਧੀ ਜੂਏਬਾਜ਼ੀ ਸਲਾਹ-ਮਸ਼ਵਰੇ ਤੱਕ ਪਹੁੰਚ ਕਰਨਾ।

**ਵਿੱਤੀ ਸਲਾਹਕਾਰ ਇਹ ਨਹੀਂ ਕਰਦੇ ਹਨ:**

- ਤੁਹਾਡੀ ਤਰਫ਼ੋਂ ਕੋਈ ਫ਼ੈਸਲਾ
- ਕਰਜ਼ਿਆਂ ਨੂੰ ਇਕੱਠਾ ਕਰਨ ਦਾ ਪ੍ਰਬੰਧ
- ਨਿਵੇਸ਼ ਬਾਰੇ ਜਾਂ ਗੈਰ-ਵਿੱਤੀ ਸਲਾਹ ਪ੍ਰਦਾਨ ਕਰਨੀ।

## ਔਨਲਾਈਨ ਸਹਾਇਤਾ

ਗੈਂਬਲਿੰਗ ਹੈਲਪ ਔਨਲਾਈਨ (Gambling Help Online) ਤੁਹਾਡੀ ਮਦਦ ਕਰਨ ਲਈ ਕੁੱਝ ਵਧੀਆ ਸੁਝਾਅ ਅਤੇ ਔਨਲਾਈਨ ਸਲਾਹ-ਮਸ਼ਵਰੇ ਦੀ ਪੇਸ਼ਕਸ਼ ਕਰਦੀ ਹੈ:

- ਆਪਣੇ ਬਜਟ ਦਾ ਪ੍ਰਬੰਧ ਕਰਨ ਕਰਨ ਵਿੱਚ
- ਆਪਣੀਆਂ ਸੰਪਤੀਆਂ ਦੀ ਸੁਰੱਖਿਆ ਕਰਨ ਵਿੱਚ।

**gamblinghelponline.org.au** 'ਤੇ ਜਾਓ

# ਸਹਾਇਤਾ ਪ੍ਰਾਪਤ ਕਰਨ ਦੇ ਬਹੁਤ ਸਾਰੇ ਤਰੀਕੇ

ਫ਼ੋਨ

### ਕਿਸੇ ਨਾਲ ਗੱਲ ਕਰੋ

Gambler's Help ਮੁਫ਼ਤ, ਗੁਪਤ ਸਲਾਹ ਅਤੇ ਸਲਾਹ-ਮਸ਼ਵਰੇ ਦੀ ਪੇਸ਼ਕਸ਼ ਸੱਤੇ ਦਿਨ 24 ਘੰਟੇ ਕਰਦੀ ਹੈ

ਫ਼ੋਨ ਕਰੋ **1800 858 858**

ਆਹਮੋ-ਸਾਹਮਣੇ

### ਸਲਾਹਕਾਰ (ਕੌਂਸਲਰ) ਨੂੰ ਮਿਲੋ

Gambler's Help ਇੱਕ ਵਾਰ ਜਾਂ ਨਿਰੰਤਰ ਆਧਾਰ 'ਤੇ ਵਿਅਕਤੀਗਤ ਰੂਪ ਵਿੱਚ ਸਲਾਹਕਾਰੀ ਦੇਣ ਦੀ ਪੇਸ਼ਕਸ਼ ਕਰਦੀ ਹੈ

ਫ਼ੋਨ ਕਰੋ **1800 858 858**

ਵਿੱਤੀ ਸਲਾਹ-ਮਸ਼ਵਰਾ

### ਆਪਣੇ ਵਿੱਤ ਲਈ ਮਦਦ ਪ੍ਰਾਪਤ ਕਰੋ

ਵਿੱਤੀ ਸਲਾਹਕਾਰ ਜੂਏ ਨਾਲ ਸਬੰਧਿਤ ਵਿੱਤੀ ਸਮੱਸਿਆਵਾਂ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ

ਫ਼ੋਨ ਕਰੋ **1800 858 858**

ਪਰਿਵਾਰ ਅਤੇ ਦੋਸਤ

### ਪਰਿਵਾਰ ਅਤੇ ਦੋਸਤਾਂ ਲਈ ਸਹਾਇਤਾ

ਜੇਕਰ ਕਿਸੇ ਹੋਰ ਦਾ ਜੂਆ ਤੁਹਾਨੂੰ ਪ੍ਰਭਾਵਿਤ ਕਰ ਰਿਹਾ ਹੈ, ਅਸੀਂ ਸਲਾਹ ਅਤੇ ਕੌਂਸਲਿੰਗ ਦੀ ਪੇਸ਼ਕਸ਼ ਕਰਦੇ ਹਾਂ

**gamblershelp.com.au** 'ਤੇ ਜਾਓ

ਸਾਥੀਆਂ ਵੱਲੋਂ ਸਹਿਯੋਗ

### ਆਪਣੇ ਵਰਗੇ ਹੋਰ ਲੋਕਾਂ ਨਾਲ ਗੱਲ ਕਰੋ

ਅਸੀਂ ਦੂਜਿਆਂ ਤੋਂ ਸਹਾਇਤਾ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ ਜੋ ਤੁਹਾਡੇ ਵਰਗੀਆਂ ਸਮੱਸਿਆਵਾਂ ਵਿੱਚੋਂ ਲੰਘੇ ਹਨ

ਫ਼ੋਨ ਕਰੋ **1800 858 858**

ਆਪਣੀ ਮਦਦ ਖੁਦ ਕਰੋ

### ਤੁਹਾਡੀ ਮਦਦ ਕਰਨ ਲਈ ਸਾਧਨ ਅਤੇ ਐਪਾਂ

ਸਵੈ-ਸਹਾਇਤਾ ਸਾਧਨ ਅਤੇ ਐਪਾਂ ਤੁਹਾਨੂੰ ਤੁਹਾਡੇ ਆਪਣੇ ਜੂਏ ਨੂੰ ਸਮਝਣ ਅਤੇ ਇਸ ਦਾ ਪ੍ਰਬੰਧ ਕਰਨ ਵਿੱਚ ਤੁਹਾਡੀ ਆਪਣੀ ਰਫ਼ਤਾਰ ਨਾਲ ਕੰਮ ਕਰਨ ਵਿੱਚ ਮਦਦ ਕਰ ਸਕਦੇ ਹਨ

**gamblershelp.com.au** 'ਤੇ ਜਾਓ

ਨੌਜਵਾਨ ਲੋਕ

### ਕੀ ਤੁਹਾਡੀ ਉਮਰ 25 ਸਾਲ ਤੋਂ ਘੱਟ ਹੈ?

ਸਾਡੀ ਸਮਰਪਿਤ Gambler's Help' ਨੂੰ ਫ਼ੋਨ ਕਰੋ ਗੁਪਤ ਰੂਪ ਵਿੱਚ ਗੱਲ ਕਰਨ ਲਈ ਨੌਜਵਾਨਾਂ ਦੀ ਲਾਈਨ

ਫ਼ੋਨ ਕਰੋ **1800 262 376**

ਔਨਲਾਈਨ ਸਹਾਇਤਾ

### ਔਨਲਾਈਨ ਤੁਰੰਤ ਮਦਦ

ਸਲਾਹਕਾਰ ਨੂੰ ਸੱਤੇ ਦਿਨ 24 ਘੰਟੇ ਈਮੇਲ ਕਰੋ ਜਾਂ ਲਾਈਵ ਚੈਟ ਕਰੋ

**gamblinghelponline.org.au** 'ਤੇ ਜਾਓ